# 19 ਫਰਵਰੀ 1915 ਦਾ ਗ਼ਦਰੀ ਸਾਕਾ: ਫ਼ਿਰੋਜ਼ਪੁਰ ਰੇਡ 'ਚ ਭਾਈ ਸਾਹਿਬ ਰਣਧੀਰ ਸਿੰਘ ਦੇ ਜਥੇ ਦੀ ਭੂਮਿਕਾ

ਮਲਵਿੰਦਰ ਜੀਤ ਸਿੰਘ ਵੜੈਚ*

ਪਿਛੋਕੜ — ਅਮਰੀਕਾ-ਕੈਨੇਡਾ ਤੋਂ ਪਰਤੇ ਕੁੱਝ ਚੋਟੀ ਦੇ ਗ਼ਦਰੀ ਆਗੂ ਜਿਵੇਂ ਪਾਰਟੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਅਤੇ ਉਪ-ਪ੍ਰਧਾਨ ਬਾਬਾ ਸ਼ੇਰ ਸਿੰਘ ਵੇਈ ਪੋਈ ਜਹਾਜ਼ੋਂ ਉਤਰਦਿਆਂ ਹੀ ਗ੍ਰਿਫਤਾਰ ਕਰ ਲਏ ਸਨ; ਇਸ ਖਲਾਅ ਦੀ ਪੂਰਤੀ ਲਈ ਵਿਸ਼ਨੂੰ ਗਣੇਸ਼ ਪਿੰਗਲੇ, ਲਾਲਾ ਰਾਮਸ਼ਰਨ ਦਾਸ ਤਲਵਾੜ ਅਤੇ ਕਰਤਾਰ ਸਿੰਘ ਸਰਾਭਾ ਦੇ ਉਦਮ ਨਾਲ ਬੰਗਾਲੀ ਇਨਕਲਾਬੀ ਆਗੂ ਰਾਸ ਬਿਹਾਰੀ ਬੋਸ ਨੂੰ ਪਾਰਟੀ ਦੀ ਕਮਾਂਡ ਸੌਂਪ ਦਿੱਤੀ ਗਈ ਸੀ। ਬੋਸ ਆਪਣੇ ਨੇੜਲੇ ਸਾਥੀ ਸੁਚਿੰਦਰ ਸਾਨਿਆਲ ਨਾਲ ਪਾਰਟੀ ਦੇ ਅੰਮ੍ਰਿਤਸਰ ਅੱਡੇ ਤੇ ਪਹੁੰਚਿਆ ਤਾਂ ਉਹਨੇ ਅਨੁਭਵ ਕੀਤਾ ਕਿ ਏਥੇ ਨਿਰੋਲ ਪੰਜਾਬੀ ਵਸੋ ਹੋਣ ਕਰਕੇ ਉਹਦੀ ਸ਼ਨਾਖਤ ਹੋ ਜਾਏਗੀ ਤਾਂ ਉਸਨੇ ਪਾਰਟੀ ਅੱਡਾ ਲਾਹੋਰ ਲੈ ਜਾਣ ਲਈ ਕਿਹਾ ਜਿਥੇ ਕਾਫ਼ੀ ਸਾਰੇ ਬੰਗਾਲੀ ਰਹਿ ਰਹੇ ਸਨ; ਲਾਹੌਰ ਵਿੱਚ ਵੀ ਪਾਰਟੀ ਨੇ ਤਿੰਨ-ਚਾਰ ਮਕਾਨ ਕਿਰਾਏ ਤੇ ਲੈ ਲਏ ਸਨ, ਤਾਕਿ ਬੋਸ ਦੇ ਠਿਕਾਣੇ ਬਦਲੇ ਜਾਂਦੇ ਰਹਿਣ।

ਉਧਰ ਗ੍ਰਿਫਤਾਰੀਆਂ ਤੋਂ ਬਚੇ ਗ਼ਦਰੀਆਂ ਨੇ ਮਿਥੀ ਸਕੀਮ ਮੁਤਾਬਕ ਫੌਜਾਂ, ਆਮ ਜਨਤਾ ਅਤੇ ਵਿਦਿਆਰਥੀਆਂ 'ਚ, ਗ਼ਦਰੀ ਸਾਹਿਤ ਤੇ ਨਿੱਜੀ ਸੰਪਰਕਾਂ ਰਾਹੀਂ ਗਦਰ ਦਾ ਪ੍ਰਚਾਰ, ਗੋਲੀ ਗੱਟੇ ਦਾ ਪ੍ਰਬੰਧ, ਜਹੇ ਸਾਰੇ ਕਾਰਜਾਂ ਨੂੰ ਨੇਪਰੇ ਚਾੜਣ ਲਈ ਦਿਨ-ਰਾਤ ਇੱਕ ਕਰੀ ਰੱਖਿਆ ਹੋਇਆ ਸੀ।

**ਘਟਨਾਕ੍ਰਮ:** ਅਦਾਲਤੀ ਰਿਕਾਰਡ ਅਨੁਸਾਰ ਸੂਹੀਏ ਕਿਰਪਾਲ ਸਿੰਘ ਨੇ 14 ਫਰਵਰੀ ਵਾਲੇ ਦਿਨ ਪੁਲਿਸ ਨੂੰ ਇਤਲਾਹ ਭੇਜੀ ਕਿ 21 ਫਰਵਰੀ ਵਾਲੇ ਦਿਨ ਗ਼ਦਰੀ ਵਿਦਰੋਹ ਕਰ ਰਹੇ ਹਨ, ਜੋ ਕਿ ਦਰੁਸਤ ਸੀ ਤੇ ਸਾਰੇ ਥਾਂਈ ਇਸ ਤਾਰੀਖ ਨੂੰ 20-21 ਰਾਤ ਦੇ ਬਾਰਾਂ ਵਜੇ 'ਗ਼ਦਰ' ਕਰਨਾ ਨਿਸ਼ਚਿਤ ਕੀਤਾ ਗਿਆ ਸੀ, ਤੇ ਥਾਂ-ਪੁਰ ਥਾਂ ਇਹਦੀ ਸੂਚਨਾ ਪੁਚਾ ਦਿੱਤੀ ਗਈ ਹੋਈ ਸੀ। ਪਰ ਇਸ ਦੌਰਾਨ ਗ਼ਦਰੀ ਆਗੂਆਂ ਨੂੰ ਕਿਰਪਾਲ ਸਿੰਘ ਦੀ ਕਰਤੂਰਤ ਦਾ ਪਤਾ ਲਗ ਗਿਆ ਤੇ ਉਹਨਾਂ ਗ਼ਦਰ ਦੀ ਤਾਰੀਖ਼ ਦੋ ਦਿਨ ਅਗਾਉਂ, ਭਾਵ 19 ਫਰਵਰੀ ਕਰ ਦਿੱਤੀ ਤੇ ਕਿਰਪਾਲ ਸਿੰਘ ਨੂੰ ਮਾਰ-ਮੁਕਾਉਣ ਦਾ ਫੈਸਲਾ ਲਿਆ, ਜਿਸਦੀ ਭਿਣਕ ਗ਼ਦਾਰ ਦੇ ਕੰਨੀ ਪੈ ਗਈ ਤੇ ਉਹਨੇ 19 ਫਰਵਰੀ ਸਵੇਰੇ ਪਾਰਟੀ ਅੱਡਿਆ ਤੇ ਛਾਪੇ ਮਰਵਾ ਦਿੱਤੇ, ਤੇ ਸਿੱਟੇ ਵਜੋਂ ਕਈ ਉਘੇ ਗ਼ਦਰੀ ਗ੍ਰਿਫਤਾਰ ਕਰ ਲਏ ਗਏ, ਭਾਵੇਂ ਕਿ ਰਾਸ ਬਿਹਾਰੀ ਬਚ ਨਿਕਲਣ 'ਚ ਸਫਲ ਹੋ ਗਿਆ।

ਭਾਈ ਸਾਹਿਬ ਰਣਧੀਰ ਸਿੰਘ ਦੇ ਜੱਥੇ 'ਚ ਸ਼ਾਮਲ ਬਾਬਾ ਹਰਭਜਨ ਸਿੰਘ ਅਨੁਸਾਰ (ਸ਼ਾਇਦ) 17 ਫਰਵਰੀ ਨੂੰ ਕਰਤਾਰ ਸਿੰਘ ਸਰਾਭਾ ਭਾਈ ਸਾਹਿਬ ਨੂੰ ਉਹਨਾਂ ਦੇ ਜੱਥੇ ਨਾਲ ਢੰਡਾਰੀ ਵੱਲ ਨੂੰ ਜਾਂਦਿਆ ਗਿਲ ਪਿੰਡ ਤੋਂ ਨਿਕਲਦਿਆਂ ਨੂੰ ਨਵੀਂ ਤਾਰੀਖ਼ ਬਾਰੇ ਦੱਸ ਦਿੱਤਾ ਗਿਆ ਸੀ ਤੇ ਸਭ ਕੁਝ ਤੈਅ ਕਰ ਗਿਆ ਸੀ।

ਬਾਬਾ ਜੀ ਅਨੁਸਾਰ, ਸਾਮੀਂ ਢੰਡਾਰੀ ਪਹੁੰਚਣ ਤੇ ਭਾਈ ਸਾਹਿਬ ਨੇ 19 ਤਾਰੀਖ਼ ਵਾਲੇ ਦਿਨ ਫ਼ਿਰੋਜ਼ਪੁਰ ਛਾਉਣੀ ਦੇ ਵਿਦਰੋਹ ਦਾ ਮੱਤਾ ਪੇਸ਼ ਕੀਤਾ, ਜਿਸ ਤੇ ਇੱਕ ਸੰਗੀ ਨੇ ਉਜ਼ਰ ਕੀਤਾ ਕਿ "ਖਾਲਸੇ ਨੂੰ ਰਾਜ ਕਾਜ ਨਾਲ ਕੀ?" ਪਰ ਭਾਈ ਸਾਹਿਬ ਨੇ ਕਿਹਾ ਕਿ ਅਸੀਂ ਉਥੇ ਰਾਜ ਸਾਂਭਣ ਲਈ ਨਹੀਂ ਸਗੋਂ ਜ਼ੁਲਮੀ ਰਾਜ ਨੂੰ ਉਲਟਾਉਣ ਤੇ ਗੋਰੇਸ਼ਾਹੀ ਨੂੰ ਖਤਮ ਕਰਨ ਲਈ ਜਾਣਾ ਹੈ, ਜਿਸ ਨੇ ਕਿ ਸਾਡੇ ਗੁਰਧਾਮ ਰਕਾਬ ਗੰਜ ਦੀ ਕੰਧ ਢਾਹੀ ਸੀ। ਫਿਰ ਕੀ ਸੀ ਕਿਸੇ ਨੇ ਵੀ ਵਿਰੋਧ ਨਹੀਂ ਕੀਤਾ ਅਤੇ ਫਿਰੋਜ਼ਪੁਰ ਜਾਣ ਦਾ ਮਤਾ ਪਾਸ ਹੋ ਗਿਆ ਤੇ ਸਭ ਸਜਣਾਂ ਨੂੰ 19 ਤਾਰੀਖ਼ ਨੂੰ ਨਾਰੰਗਵਾਲ ਜਾਣ ਦੀ ਹਿਦਾਇਤ ਹੋ ਗਈ।

---

* ਪਿੰਡ ਤੇ ਡਾਕਖਾਨਾ ਸਕੇਤੜੀ, ਜ਼ਿਲ੍ਹਾ ਪੰਚਕੂਲਾ 134109
ਈਮੇਲ: mjswaraich29@gmail.com; ਫੋਨ: 0172-2556314, 6576116

ਖ਼ੈਰ ਅਸੀਂ ਮੁੱਲਾਂਪੁਰੋਂ ਗੱਡੀ ਫੜ ਕੇ ਫਿਰੋਜ਼ਪੁਰ ਛਾਉਣੀ ਦੇ ਸਟੇਸ਼ਨ ’ਤੇ ਜਾ ਉਤਰੇ ਜਿੱਥੇ ਕਿ ਕਰਤਾਰ ਸਿੰਘ ਸਰਾਭਾ ਅੱਗੇ ਆਇਆ ਖਲੋਤਾ ਸੀ। ਸਾਰਾ ਜੱਥਾ ਜੋ ਕਿ ਚਾਲੀ-ਪੰਜਾਹ ਦੀ ਗਿਣਤੀ ਵਿੱਚ ਸੀ, ਤੁਰ ਪਿਆ। ਮੂਹਰੇ ਕਰਤਾਰ ਸਿੰਘ ਸਰਾਭਾ ਤੇ ਮਗਰ ਜੱਥਾ ਤੁਰੀ ਗਿਆ। ਛਾਉਣੀ ਵਿੱਚੋਂ ਗੋਰਿਆਂ ਦੀਆਂ ਬੈਰਕਾਂ ਵਿੱਚ ਦੀ ਲੰਘ ਕੇ ਗ਼ਦਰ ਲਈ ਇਕੱਠੇ ਹੋਏ ਗ਼ਦਰੀਆਂ ਵਿੱਚ ਜੋ ਕਿ ਚਾਂਦਮਰੀ ਦੇ ਨੇੜੇ ਹੀ ਸਨ, ਜਾ ਰਲ਼ੇ। ਇਸ ਥਾਂ ਦੇ ਨੇੜੇ ਝਾੜੀਆਂ ਵੀ ਸਨ ਤੇ ਰੇਤਲੀ ਥਾਂ ਜਾਪਦੀ ਸੀ।

ਕਰਤਾਰ ਸਿੰਘ ਸਰਾਭਾ ਸਾਨੂੰ ਉਥੇ ਬਿਠਾ ਕੇ ਕਿਲ੍ਹੇ ਵੱਲ ਚਲਾ ਗਿਆ। ਪਤਾ ਨਹੀਂ ਕਿਲ੍ਹਾ ਕਿੰਨੀ ਕੁ ਦੂਰ ਸੀ, ਪਰ ਉਹ ਦੋ ਵਜੇ ਤੱਕ ਵਾਪਸ ਨਾ ਪਰਤਿਆ ਤਾਂ ਸਭ ਸੱਜਣ ਉਤਾਵਲੇ ਜਾਪੇ। (ਸ਼ਹੀਦ) ਭਾਈ ਗਾਂਧਾ ਸਿੰਘ (ਕੱਚਰ ਭੰਨ) ਮੇਰੇ ਖੱਬੇ ਹੱਥ ਪਿਸਤੌਲ ਲਈ ਖੜ੍ਹਾ ਸੀ ਤੇ ਇਹ ਕਹਿ ਰਿਹਾ ਸੀ ਕਿ ਕੀ ਗੱਲ ਹੈ? ਟਾਈਮ ਹੋ ਚੁੱਕਾ ਹੈ ਪਰ ਹੁਕਮ ਨਹੀਂ ਹੋ ਰਿਹਾ। ਇਸ ਤਰ੍ਹਾਂ ਹੋਰ ਸੱਜਣ ਵੀ ਬਹੁਤ ਕਾਹਲੇ ਸਨ, ਪਰ ਦੋ ਵਜੇ ਤੋਂ ਕੁੱਝ ਉਪਰ ਹੋਏ ਤਾਂ ਸਰਾਭੇ ਨੇ ਆ ਕੇ ਦੱਸਿਆ ਕਿ ਜਿਨ੍ਹਾਂ ਫੌਜੀ ਸਰਦਾਰਾਂ ਅਤੇ ਸਿਪਾਹੀਆਂ ਨਾਲ ਸਾਡੀ ਗੱਲਬਾਤ ਸੀ, ਉਹ ਕਈ ਦਿਨਾਂ ਤੋਂ ਬਾਰਾਂ ਪੱਥਰ (ਬਰਖਾਸਤ) ਕੀਤੇ ਜਾ ਚੁੱਕੇ ਹਨ। ਹੁਣ ਕੋਈ ਵੀ ਸੱਜਣ ਸਾਡੇ ਮਤਲਬ ਦਾ ਨਹੀਂ ਰਿਹਾ। ਇਸ ਲਈ ਸਭ ਸੱਜਣਾਂ ਨੂੰ ਚਾਹੀਦਾ ਹੈ ਕਿ ਜਿਥੇ ਕਿਸੇ ਨੂੰ ਰਾਹ ਲੱਭੇ, ਖਿੰਡ ਜਾਏ।

ਕਰਤਾਰ ਸਿੰਘ ਦੀ ਭਾਵੇਂ ਇਹ ਸਿਆਣਪ ਸੀ ਕਿ ਜਦ ਕੋਈ ਮੁਸੀਬਤ ਹੋਵੇ ਤਾਂ ਐਵੇਂ ਟੱਕਰ ਲੈ ਕੇ ਮਰਨਾ ਫਜ਼ੂਲ ਸੀ, ਪਰ ਆਜ਼ਾਦੀ ਦੇ ਚਾਹਵਾਨ ਤੇ ਗ਼ਦਰ ਦੇ ਉਡੀਕਵਾਨ ਸੂਰਮੇ ਬਹੁਤ ਨਿਰਾਸ਼ ਹੋਏ, ਜਿਨ੍ਹਾਂ ਦੀ ਨਿਰਾਸ਼ਾ ਤੇ ਇੱਥੇ ਆਉਣ ਦੀ ਨਾਕਾਮਯਾਬੀ ’ਤੇ ਹੇਠ ਲਿਖੀ ਕਵਿਤਾ ਮੈਂ ਬਾਅਦ ਵਿੱਚ ਲਿਖੀ ਹੈ:—

ਫਿਰੋਜ਼ਪੁਰ ਛਾਉਣੀ ਦਾ ਗ਼ਦਰ ਫੇਲ੍ਹ ਹੋਣ ਤੋਂ ਬਾਅਦ ਸੂਰਮਿਆਂ ਦੇ ਦਿਲਾਂ ਤੇ ਕੀ ਬੀਤੀ:

ਫ਼ੌਜਾਂ ਪਿੰਡੀ ਲਾਹੌਰ ਫੀਰੋਜ਼ਪੁਰ ਵਿੱਚ
    ਤਿਆਰ ਬਰ ਤਿਆਰ ਸੀ ਲੜਨ ਦੇ ਲਈ।
ਕਿਰਪਾਲ ਵਰਗੇ ਨਾ ਜੇ ਗ਼ੱਦਾਰ ਹੁੰਦੇ,
    ਡੇਟ ਬਦਲਦੀ ਨਾ ਗ਼ਦਰ ਕਰਣ ਦੇ ਲਈ।
ਦਰਦੀ ਵੀਰ ਨਾ ਛਾਉਣੀਉਂ ਬਾਹਰ ਆਉਂਦਾ,
    ਫ਼ੌਜਾਂ ਤਿਆਰ ਸੀ ਕਿਲ੍ਹੇ ਵਿੱਚ ਵੜ੍ਹਣ ਦੇ ਲਈ।
ਉਤੋਂ ਆਨ ਕਰਤਾਰ ਨੇ ਕਿਹਾ ਵੀਰੋ,
    ਹੁਣ ਚਾਰਾ ਨਹੀਂ ਕੋਈ ਕਰਣ ਦੇ ਲਈ।
ਯੁਧ ਕਰਣ ਦੇ ਦਿਲੀਂ ਅਰਮਾਨ ਰਹਿ ਗਏ,
    ਸੀਸ ਧਰੇ ਸੀ ਤਲੀ ਤੇ ਮਰਣ ਦੇ ਲਈ।

(ਹਵਾਲਾ: *ਭਾਰਤੀ ਸ਼ਹੀਦਾਂ ਦੀਆਂ ਲਹੂ ਭਿੰਨੀਆਂ ਯਾਦਾਂ ਤੇ ਸਵੈ-ਜੀਵਨੀ ਬਾਬਾ ਹਰਭਜਨ ਸਿੰਘ ਚਮਿੰਡਾ*, ਪੰਨੇ 99-100)

ਜ਼ਿਕਰਯੋਗ ਹੈ ਕਿ ਫ਼ਿਰੋਜ਼ਪੁਰ ’ਚ ਸਥਿਤ 26 ਨੰਬਰ ਪੰਜਾਬ ਰਜਮੇਂਟ ਜਿਸ ਤੇ ਗ਼ਦਰੀਆਂ ਦੀ ਟੇਕ ਸੀ, ਉਹਦੇ ਅਫਸਰਾਂ ਨੂੰ ਕੁੱਝ ਸਿਪਾਹੀਆਂ ਦੇ ਗ਼ਦਰੀਆਂ ਨਾਲ ਰਲ਼ੇ ਹੋਣ ਦਾ ਯਕੀਨ ਹੋ ਗਿਆ ਸੀ। ਤਦ ਅਨੁਸਾਰ ਉਹਨਾਂ ਕਿਰਪਾ ਸਿੰਘ (ਲੌਂਗ ਮਾਜਰੀ, ਹੁਸ਼ਿਆਰਪੁਰ), ਲਾਭ ਸਿੰਘ (ਚੱਕ ਵਾਲਿਆਂ, ਲਾਹੌਰ) ਫੁਮਣ ਸਿੰਘ (ਕਲੇਰ, ਜਲੰਧਰ) ਅਤੇ ਹਰਨਾਮ ਸਿੰਘ (ਕਾਲਾ ਸੰਘਿਆ, ਕਪੂਰਥਲਾ) ਨੂੰ 19 ਫਰਵਰੀ ਨੂੰ ਨੌਕਰੀਓਂ ਬਰਖਾਸਤ ਕਰਕੇ ਗੱਡੀ ਰਾਹੀਂ ਫ਼ਿਰੋਜ਼ਪੁਰੋਂ ਘਰੋਂ ਘਰੀਂ ਭੇਜ ਦਿੱਤਾ ਗਿਆ ਸੀ।

---